# ਨਿਲਾਮੀ ਨੋਟਿਸ

ਇਸ ਨੋਟਿਸ ਰਾਹੀਂ ਚਾਹਵਾਨ ਵਿਅਕਤੀਆਂ/ਪਾਰਟੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ, ਕਿ ਦਫਤਰ ਡਾਇਰੈਕਟਰ ਭੋਂ ਰਿਕਾਰਡ ਪੰਜਾਬ, ਕਪੂਰਥਲਾ ਰੋਡ, ਜਲੰਧਰ ਵਿਖੇ ਸਟੇਟ ਪਟਵਾਰ ਸਕੂਲ, ਜਲੰਧਰ ਦੀ ਬਿਲਡਿੰਗ ਵਿਚ ਬਣੀ ਕੰਟੀਨ ਦਾ ਮਿਤੀ 15.07.2018 ਤੋਂ 31.03.2019 ਤੱਕ (ਸਾਲ 2018-19) ਲਈ ਠੇਕਾ ਦਿਤਾ ਜਾਣਾ ਹੈ।ਜਿਸ ਲਈ ਬੋਲੀ ਦੀ ਮਿਤੀ 03.07.2018 ਨੂੰ ਸਵੇਰੇ 11.00 ਵਜੇ ਰੱਖੀ ਗਈ ਹੈ।ਸ਼ਰਤਾਂ ਦਫਤਰੀ ਵੈਬਸਾਈਡ WWW.plrs.org.in ਤੇ ਮੌਜੂਦ ਹਨ ।

ਡਾਇਰੈਕਟਰ ਭੋਂ ਰਿਕਾਰਡ, ਪੰਜਾਬ।
22/06/18

# ਨਿਲਾਮੀ ਨੋਟਿਸ

ਦਫਤਰ ਡਾਇਰੈਕਟਰ ਭੋਂ ਰਿਕਾਰਡ ਪੰਜਾਬ, ਕਪੂਰਥਲਾ ਰੋਡ, ਜਲੰਧਰ ਵਿਖੇ ਸਟੇਟ ਪਟਵਾਰ ਸਕੂਲ, ਜਲੰਧਰ ਦੀ ਬਿਲਡਿੰਗ ਵਿਚ ਬਣੀ ਕੰਟੀਨ ਦਾ ਮਿਤੀ 15.07.2018 ਤੋਂ 31.03.2019 ਤੱਕ (ਸਾਲ 2018-19) ਲਈ ਠੇਕਾ ਦਿਤਾ ਜਾਣਾ ਹੈ। ਸ਼ਰਤਾਂ ਨਿਮਨ ਲਿਖਤ ਅਨੁਸਾਰ ਹਨ :-

1) ਹਰ ਬੋਲੀਕਾਰ ਨੂੰ ਬੋਲੀ ਵਿੱਚ ਸ਼ਾਮਿਲ ਹੋਣ ਲਈ ਆਪਣੀ ਦਰਖਾਸਤ ਨਾਲ ਸਿਕਿਉਰਿਟੀ ਦੀ ਰਕਮ 10,000/- ਰੁਪਏ ਨਗਦ ਕੈਸ਼ੀਅਰ ਦਫਤਰ ਡਾਇਰੈਕਟਰ ਭੋਂ ਰਿਕਾਰਡ ਪੰਜਾਬ, ਜਲੰਧਰ ਪਾਸ ਬੋਲੀ ਦੀ ਮਿਤੀ ਤੋਂ ਇਕ ਦਿਨ ਪਹਿਲਾਂ ਜਮ੍ਹਾਂ ਕਰਾਉਣੇ ਹੋਣਗੇ। ਜੋ ਬਾਅਦ ਵਿੱਚ ਸਫਲ ਬੋਲੀਕਾਰ ਤੋਂ ਬਿਨ੍ਹਾਂ ਹੋਰ ਸਾਰਿਆਂ ਨੂੰ ਵਾਪਿਸ ਕਰ ਦਿੱਤੇ ਜਾਣਗੇ।

2) ਬੋਲੀ ਦੀ ਦਰਖਾਸਤ ਦੇਣ ਵਾਲੇ ਨੂੰ ਉਕਤ ਬੋਲੀ ਵਿੱਚ ਹਾਜ਼ਰ ਹੋ ਕੇ ਬੋਲੀ ਦੇਣਾ ਲਾਜ਼ਮੀ ਹੋਵੇਗਾ, ਬੋਲੀ ਨਾ ਦੇਣ ਦੀ ਸੂਰਤ ਵਿੱਚ ਸਕਿਉਰਟੀ ਦੀ ਰਕਮ ਜਬਤ ਕਰ ਲਈ ਜਾਵੇਗੀ।

3) ਜਿਸਦੇ ਨਾ ਆਖਰੀ ਬੋਲੀ ਹੋਵੇਗੀ ਉਸ ਨੂੰ ਠੇਕੇ ਦੀ ਕੁਲ ਰਕਮ ਦੇ 1/4 ਹਿੱਸੇ ਦੀ ਰਾਸ਼ੀ ਚਲਾਨ ਰਾਹੀਂ ਬੈਂਕ ਵਿਚ ਬੋਲੀ ਦੀ ਮਿਤੀ ਤੋਂ ਦੋ ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣੀ ਹੋਵੇਗੀ। ਜੇਕਰ ਸਬੰਧਤ ਰਕਮ ਜਮ੍ਹਾਂ ਨਹੀ ਕਰਵਾਏਗਾ ਤਾਂ ਉਸ ਦੀ ਸਕਿਉਰਿਟੀ ਦੀ ਰਕਮ ਜ਼ਬਤ ਕਰ ਲਈ ਜਾਵੇਗੀ ਅਤੇ ਨੰ: 2 ਦੇ ਉੱਚ ਬੋਲੀਕਾਰ ਨੂੰ ਠੇਕਾ ਦੇ ਦਿੱਤਾ ਜਾਵੇਗਾ।

4) ਠੇਕੇਦਾਰ ਨੂੰ ਨਿਲਾਮੀ ਦੀ ਕੁੱਲ ਰਕਮ ਦਾ 1/4 ਹਿੱਸਾ ਬੋਲੀ ਦੀ ਮਿਤੀ ਤੋਂ ਦੋ ਦਿੱਨਾਂ ਦੇ ਅਦੰਰ-ਅੰਦਰ ਜਮ੍ਹਾਂ ਕਰਵਾਉਣ ਤੋਂ ਬਾਅਦ ਬਾਕੀ ਬਚਦੀ ਰਕਮ ਦੀਆਂ ਕਿਸ਼ਤਾਂ ਨਵੰਬਰ 2018 ਤੋਂ ਦਸਬੰਰ 2018 ਤੱਕ ਹਰ ਮਹੀਨੇ ਲਗਾਤਾਰ ਐਡਵਾਂਸ ਦੇ ਰੂਪ ਵਿੱਚ ਮਹੀਨੇ ਦੀ 5 ਤਾਰੀਖ ਤੱਕ ਨਿਯਮਿਤ ਤੌਰ ਤੇ ਜਮ੍ਹਾਂ ਕਰਵਾਉਣੀਆਂ ਹੋਣਗੀਆਂ ਅਤੇ ਨਿਸਚਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਈ ਰਕਮ ਤੇ 10 ਪ੍ਰਤੀਸ਼ਤ ਸਾਲਾਨਾ ਦੀ ਦਰ ਨਾਲ ਵਿਆਜ ਵੀ ਲਗਾਇਆ ਜਾਵੇਗਾ।

5) ਠੇਕੇ ਦੀ ਮਿਆਦ 31.3.2019 ਨੂੰ ਸ਼ਾਮ 5-00 ਵਜੇ ਤੱਕ ਹੋਵੇਗੀ ਇਸ ਤੋਂ ਬਾਅਦ ਠੇਕੇਦਾਰ ਨੂੰ ਆਪਣਾ ਸਮਾਨ ਇਸ ਕੰਪਲੈਕਸ ਵਿੱਚ ਰੱਖਣ ਦਾ ਕੋਈ ਅਖਤਿਆਰ ਨਹੀਂ ਹੋਵੇਗਾ। ਜੇਕਰ ਠੇਕੇਦਾਰ ਕਿਸੇ ਕਾਰਣ ਸਮ੍ਹੇ ਤੋਂ ਪਹਿਲਾਂ ਠੇਕਾ ਛੱਡੇਗਾ ਤਾਂ ਉਸ ਨੂੰ ਮਿਤੀ 31.3.2019 ਤੱਕ ਦੀ ਪੂਰੀ ਰਕਮ ਜਮ੍ਹਾਂ ਕਰਾਉਣੀ ਹੋਵੇਗੀ।

6) ਕੰਟੀਨ ਵਿਚ ਖਾਣ ਪੀਣ ਲਈ ਰੱਖੀਆਂ ਜਾਣ ਵਾਲੀਆਂ ਵਸਤਾਂ ਸ਼ੁੱਧ ਅਤੇ ਨਿਸਚਿਤ ਮਾਤਰਾ ਵਿੱਚ ਹੋਣੀਆਂ ਚਾਹੀਦੀਆਂ ਹਨ ਅਤੇ ਇਸ ਨੂੰ ਯਕੀਨੀ ਬਣਾਉਣ ਲਈ ਸਿਹਤ ਵਿਭਾਗ ਪਾਸੋਂ ਅਚਨਚੇਤ ਚੈਕਿੰਗ ਵੀ ਕਰਵਾਈ ਜਾ ਸਕਦੀ ਹੈ।

7) ਠੇਕੇਦਾਰ ਆਪਣੀ ਮੱਦਦ ਲਈ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਕੰਮ ਤੇ ਨਹੀਂ ਰੱਖੇਗਾ।

8) ਠੇਕੇਦਾਰ ਵਲੋਂ ਆਪਣੀ ਮੱਦਦ ਲਈ ਰੱਖੇ ਜਾਣ ਵਾਲੇ ਵਿਅਕਤੀਆਂ ਦੀ ਪਹਿਚਾਣ ਲਈ ਨਿਰਧਾਰਤ ਵਰਦੀ ਜੋ ਕਿ ਬੋਲੀ ਸਮ੍ਹੇਂ ਘੋਸ਼ਿਤ ਕੀਤੀ ਜਾਵੇਗੀ, ਪੁਆਵੇਗਾ।

9) ਠੇਕੇਦਾਰ ਕੰਟੀਨ ਦੇ ਆਲੇ-ਦੁਆਲੇ ਦੀ ਸਫਾਈ ਨੂੰ ਯਕੀਨੀ ਬਣਾਏਗਾ।

10) ਠੇਕੇਦਾਰ ਵਲੋਂ ਇਸ ਕੰਪਲੈਕਸ ਵਿਚ ਆਉਣ ਵਾਲੀ ਪਬਲਿਕ ਨੂੰ ਵੇਚੀਆਂ ਜਾਣ ਵਾਲੀਆਂ ਪੈਕਡ ਵਸਤਾਂ ਤੇ ਦਰਜ ਕੀਮਤ ਤੋਂ ਵੱਧ ਕੀਮਤ ਤੇ ਨਹੀਂ ਵੇਚੀਆਂ ਜਾਣਗੀਆਂ, ਪ੍ਰੰਤੂ ਠੇਕੇਦਾਰ ਵਲੋਂ ਜਿਹੜੀਆਂ ਵਸਤਾਂ ਆਪ ਤਿਆਰ ਕਰਕੇ ਵੇਚੀਆਂ ਜਾਣੀਆਂ ਹਨ, ਉਹਨਾਂ ਦੀ ਕੀਮਤ ਇਸ ਦਫਤਰ ਦੀ ਸਲਾਹ ਨਾਲ ਨਿਰਧਾਰਿਤ ਕੀਤੀ ਜਾਵੇਗੀ। ਜਿਸ ਦੀ ਲਿਸਟ ਵੱਡੇ ਬੋਰਡ ਤੇ ਲਿਖਵਾ ਕੇ ਕੰਪਲੈਕਸ ਦੀ ਐਂਟਰੀ ਤੋਂ ਇਲਾਵਾ ਆਪਣੇ ਕਾਊਂਟਰ ਤੇ ਵੀ ਲਗਾਏਗਾ।

11) ਬਾਕੀ ਦੀਆਂ ਸ਼ਰਤਾਂ ਮੌਕੇ ਤੇ ਹੀ ਪੜ੍ਹ ਕੇ ਸੁਣਾਈਆਂ ਜਾਣਗੀਆਂ ਜੋ ਕਿ ਸਬੰਧਿਤ ਬੋਲੀ ਦੇਣ ਵਾਲੇ ਨੂੰ ਮੰਨਣੀਆਂ ਪੈਣਗੀਆਂ।

12) ਠੇਕੇਦਾਰ ਨੂੰ ਬਿਜਲੀ/ਪਾਣੀ ਦਾ ਖਰਚਾ ਆਪਣੇ ਪੱਧਰ ਤੇ ਕਰਨਾ ਪਵੇਗਾ।

13) ਬੋਲੀਕਾਰ ਠੇਕਾ ਮਿਲਣ ਤੋਂ ਬਾਅਦ ਲਾਭ/ਹਾਨੀ ਦਾ ਖੁਦ ਜਿਮ੍ਹੇਵਾਰ ਹੋਵੇਗਾ।

14) ਉਪਰੋਕਤ ਸ਼ਰਤਾਂ ਵਿਚ ਵਾਧਾ/ਸੋਧ ਕਰਨ ਦੇ ਅਧਿਕਾਰ ਡਾਇਰੈਕਟਰ ਭੋ ਰਿਕਾਰਡ ਪੰਜਾਬ ਪਾਸ ਹੋਣਗੇ।

ਡਾਇਰੈਕਟਰ ਭੋਂ ਰਿਕਾਰਡ,ਪੰਜਾਬ।